**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ**
**ਐਸ.ਸੀ.ਓ 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ।**
ਫੋਨ ਨੰ: 0172-5043256, ਫੈਕਸ 5043244

ਵੱਲ

1.ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)-ਕਮ-
ਜਿਲ੍ਹਾ ਸਰਵੇ ਅਫਸਰ, ਪੰਜਾਬ।
2. ਸਮੂਹ ਬਲਾਕ ਸਰਵੇ ਅਫਸਰ। ਪੰਜਾਬ।

ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/R055679-680
ਮਿਤੀ, ਚੰਡੀਗੜ੍ਹ:07-12-2010

**ਵਿਸ਼ਾ:-** **ਅੱਠਵਾਂ ਸਰਵ ਭਾਰਤੀ ਸਕੂਲ ਸਿੱਖਿਆ ਸਰਵੇ ਸੰਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਪਰੋਕਤ ਵਿਸ਼ੇ ਅਧੀਨ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਅੱਠਵੇਂ ਸਰਵ ਭਾਰਤੀ ਸਕੂਲ ਸਿੱਖਿਆ ਸਰਵੇ ਸੰਬੰਧੀ ਕੰਮ ਜਿਲ੍ਹਾ ਪੱਧਰ ਤੇ ਬਹੁਤ ਹੀ ਢਿੱਲਾ ਚੱਲ ਰਿਹਾ ਹੈ। ਇਸ ਸੰਬੰਧੀ ਜਿਲ੍ਹਾ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੀ ਚੈਕਿੰਗ ਵੀ ਕੀਤੀ ਗਈ ਜਿਸ ਦੌਰਾਨ ਜਿਲ੍ਹਾ ਗੁਰਦਾਸਪੁਰ ਦੇ ਸਰਵੇ ਦੇ ਕੰਮ ਦੀ ਰਫਤਾਰ ਬਿਲਕੁਲ ਧੀਮੀ ਪਾਈ ਗਈ, ਜਦੋਂ ਕਿ ਇਹ ਸਾਰਾ ਕੰਮ 31 ਦਸੰਬਰ ਤੱਕ ਪੂਰਾ ਕੀਤੇ ਜਾਣ ਦਾ ਟੀਚਾ ਹੈ ਅਤੇ Flash Statistical Data ਹਰ ਹਾਲਤ ਵਿੱਚ 15 ਦਸੰਬਰ ਤੱਕ ਸਾਫਟਵੇਅਰ ਵਿੱਚ ਅਪਲੋਡ ਕਰਨੇ ਲਾਜ਼ਮੀ ਹਨ।

3.0 ਇਸ ਲਈ ਉਪਰੋਕਤ ਦੇ ਮੱਦੇਨਜ਼ਰ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਆਪਣੇ ਜਿਲ੍ਹੇ ਵਿੱਚ ਸਰਵੇ ਦੀ ਪ੍ਰਗਤੀ ਸੰਬੰਧੀ ਰਿਪੋਰਟ ਹਰ ਹਫਤੇ ਈ-ਮੇਲ aspdrmsa@yahoo.com ਰਾਹੀਂ ਤੁਰੰਤ ਭੇਜੀ ਜਾਵੇ। ਜਿਹੜੇ ਪੀ.ਆਰ.ਆਈ ਸਕੂਲ ਸਰਵੇ ਸੰਬੰਧੀ ਕੰਮ ਕਰਨ ਵਿੱਚ ਆਪਣਾ ਯੋਗਦਾਨ ਨਹੀਂ ਦੇ ਰਹੇ, ਉਹਨਾਂ ਸਕੂਲਾਂ ਸੰਬੰਧੀ ਡੀ.ਸੀ/ਏ.ਡੀ.ਸੀ(ਡਿਵੈਲਪਮੈਂਟ) ਨਾਲ ਰਾਬਤਾ ਕਾਇਮ ਕਰਦੇ ਹੋਏ ਉਹਨਾਂ ਸਕੂਲਾਂ ਦੀ ਸੂਚੀ ਇਸ ਦਫਤਰ ਨੂੰ ਵੀ ਭੇਜੀ ਜਾਵੇ। ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ/ਦੇਰੀ ਦੀ ਸੂਰਤ ਵਿੱਚ ਇਸਦੀ ਨਿੱਜੀ ਜ਼ਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।

4.0 ਇਸਨੂੰ ਪਰਮ ਅਗੇਤ ਦਿੱਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**